# ਸਿੱਖੀ 'ਚ ਮਾਸੁ
# ਦੀ ਬੁਝਾਰਤ ਦਾ ਹੱਲ

**ਗੁਰੂ ਸ਼ਬਦ "ਮਃ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ . . ."** ਦੀਆਂ ਤੁਕਾਂ

"**ਬਾਹਰ ਕਾ ਮਾਸੁ** ਮੰਦਾ ਸੁਆਮੀ **ਘਰ ਕਾ ਮਾਸੁ** ਚੰਗੇਰਾ ॥"

ਅਤੇ

"**ਅਭਖੁ ਭਖਹਿ ਭਖੁ** ਤਜਿ ਛੋਡਹਿ **ਅੰਧੁ ਗੁਰੂ ਜਿਨ ਕੇਰਾ** ॥"

## ਵਿਚ ਲੁਕੀ ਹੋਈ ਬੁਝਾਰਤ ਦਾ ਹੱਲ ਕੱਢਣ ਲਈ;

#੧) ਸਾਰਿਆਂ ਤੋਂ **ਪਹਿਲਾ** ਕਦਮ ਤਾਂ; ਉਪਰ ਲਿਖੇ ਗੁਰੂ ਵਾਕਾਂ ਵਿਚ ਇਹ ਪਛਾਨਣ ਦੀ ਲੋੜ ਹੈ। ਕਿ ਇਸ ਵਿਚ, ਲਿਖੇ ਸ਼ਬਦ '**ਅਭਖੁ**' ਦਾ ਮਤਲਬ, ਕਿਹੜੀ **ਨਾ ਖਾਣ ਵਾਲੀ ਸ਼ੈ** ਦੀ ਗਲ ਕਰਦਾ ਹੈ ? ਜਿਸ ਨੂੰ ਕਿ, ਗੁਰੂ ਨਾਨਕ ਸਾਹਿਬ ਦੇ ਇਸ ਸਲੋਕ ਮੁਤਾਬਿਕ, ਬੇਸ਼ੁਮਾਰ ਲੋਕ, ਆਪਣੇ, **ਅਕਲ ਦੇ ਅੰਨੇ ਉਸਤਾਦਾਂ** ਦੇ ਪਿਛੇ ਲਗ ਕੇ ਬੜੀ ਬੇਵਕੂਫੀ ਨਾਲ ਆਮ ਛਕਦੇ ਹਨ (**ਅਭਖੁ ਭਖਹਿ . . . ਅੰਧੁ ਗੁਰੂ ਜਿਨ ਕੇਰਾ**)। ਜਦ ਕਿ, **ਖਾਣ ਵਾਲੀ ਸ਼ੈ** (**ਭਖੁ** ਤਜਿ ਛੋਡਹਿ) ਛੱਡੀ ਫਿਰਦੇ ਹਨ।

੨) ਅਤੇ **ਦੂਸਰਾ** ਕਦਮ ਹੈ ਇਹ ਪਛਾਨਣ ਲਈ, ਕਿ ਆਪਣੇ ਇਸ ਗੁਰੂ ਸ਼ਬਦ ਦੀਆਂ ਉਪਰ ਲਿਖੀਆਂ ਤੁਕਾਂ ਵਿਚ, ਕੀ ਗੁਰੂ ਸਾਹਿਬ ਆਪਣੀ **ਨਾ ਖਾਣ ਵਾਲੇ ਮਾਸੁ** ਦੀ ਪੂਰੀ ਡੂੰਘਾਈ ਨੂੰ, ਚੰਗੀ ਤਰਾਂ ਸਮਝਾਉਣ ਲਈ; ਇਸ **ਨਾ ਖਾਣ ਵਾਲੀ ਸ਼ੈ** (ਅਭਖੁ) ਨੂੰ ਕੀ '**ਬਾਹਰ ਕਾ ਮਾਸੁ**' **ਗਰਦਾਨਦੇ ਹਨ,** ਯਾ ਕਿ '**ਘਰ ਕਾ ਮਾਸੁ**' **?**

ਕਿਉਂਕਿ, ਜਦੋਂ ਵੀ, ਕਿਸੇ ਨੂੰ ਇਸ ਅਸਲੀ, '**ਬਾਹਰ ਦੇ ਮਾਸੁ**' ਅਤੇ '**ਘਰ ਦੇ ਮਾਸੁ**' ਦੇ ਫਰਕ ਦੀ ਚੰਗੀ ਤਰਾਂ ਸਮਝ ਲਗ ਜਾਂਦੀ ਹੈ। ਤਾਂ ਉਸ ਨੂੰ, ਉਸ ਦੇ ਅੰਦਰਲੇ ਪਾਸੇ ਪੂਰੀ ਲੋ ਹੋ ਕੇ ਇਹ ਪਤਾ ਲਗ ਜਾਂਦਾ ਹੈ। ਕਿ ਗੁਰੂ ਸਾਹਿਬ, ਆਪਣੇ ਇਸ ਗੁਰੂ ਸ਼ਬਦ ਵਿਚ, ਕਿਸ ਤਰਾਂ ਦੀ ਸ਼ੈ ਨੂੰ '**ਘਰ ਦਾ ਮਾਸੁ**' ਕਹਿ ਕੇ ਇਸ ਨੂੰ ਅਭਖੁ, ਮਤਲਬ ਨਾ ਖਾਣ ਵਾਲੀ ਸ਼ੈ ਘੋਸ਼ਤ ਕਰਦੇ ਹਨ। ਜਿਸ ਨਾਲ ਕਿ ਸਾਰੀ ਦੀ ਸਾਰੀ **ਬੁਝਾਰਤ ਦੀ ਘੁੰਡੀ** ਖੁਲ ਜਾਂਦੀ ਹੈ।

## ਬੁਝਾਰਤ ਦੀ ਘੁੰਡੀ ਦਾ ਹੱਲ :

ਸੋਈ, ਇਸ ਬੁਝਾਰਤ ਦੇ ਹੱਲ ਲਈ, ਆਉ, ਇਕ ਵੇਰੀ ਫਿਰ, ਪਹਿਲਾਂ ਤਾਂ, ਮੁੜ ਕੇ ਉਹ ਹੇਠ ਲਿਖੇ **ਬਹੁਤ ਹੀ ਸਖਤ ਅਖੱਰਾਂ ਨੂੰ** ਧਿਆਨ ਵਿਚ ਲਿਆਈਏ, **ਜਿਹੜੇ** ਕਿ ਗੁਰੂ ਸਾਹਿਬ ਨੇ ਇਸ ਸਲੋਕੁ ਵਿਚ ਵਰਤੇ ਹਨ।

੧) **ਮੂਰਖੁ -** ਮਤਲਬ **ਬੇਵਕੂਫ ਯਾ ਸਿਰੇ ਦਾ ਬੇਵਕੂਫ।**
੨) **ਅੰਧਾ -** ਮਤਲਬ **ਅਕਲ ਦਾ ਅੰਨ੍ਹਾਂ।**
੩) **ਅੰਧੁ ਗੁਰੂ ਜਿਨ ਕੇਰਾ -** ਮਤਲਬ **ਕਿ, ਉਹ ਆਪ ਤਾਂ ਕੀ, ਜਿਸ ਦਾ ਰਹਿਬਰ ਵੀ ਅਕਲ ਦਾ ਅੰਨ੍ਹਾਂ ਹੋਵੇ।**

ਅਤੇ ਫਿਰ, ਇਹ ਸਮਝਣ ਦੀ ਕੋਸ਼ਸ਼ ਕਰੀਏ; ਕਿ, ਕੀ ਗੁਰੂ ਸਾਹਿਬ ਨੇ ਆਪਣੇ ਇਹ ਸਖਤ ਅਖੱਰ, ਉਸ ਬੰਦੇ ਲਈ ਵਰਤੇ ਹਨ? ਜੋ ਕਿ;

ੳ) (ਆਮ ਸਿਖਾਂ ਵਾਂਙ) ਕਹਿੰਦਾ ਹੈ, ਕਿ ਸਿੱਖੀ ਮੁਤਾਬਿਕ '**ਮਾਸ ਖਾਣਾ, ਖਾਉ; ਨਹੀ ਖਾਣਾ ਨਾ ਖਾਓ**'।

ਜਾਂ

ਅ) ਉਸ ਲਈ, ਜੋ (ਬੜਾ ਰੌਲਾ ਪਾਕੇ) ਪਰਚਾਰਦਾ ਹੈ **ਕਿ ਸਿੱਖਾਂ ਨੂੰ 'ਮਾਸ ਬਿਲਕੁਲ ਨਹੀ ਖਾਣਾ ਚਾਹੀਦਾ।'**

ਜਿਸ ਦਾ ਕਿ ਪੂਰਾ ਨਿਤਾਰਾ ਕਰਨ ਲਈ , ਗੁਰੂ ਸਾਹਿਬ ਨੇ ਆਪਣੇ ਸਵਾਲਾਂ (**ਬਾਹਰ ਕਾ ਮਾਸੁ** ਮੰਦਾ ਸੁਆਮੀ ? **ਘਰ ਕਾ ਮਾਸੁ** ਚੰਗੇਰਾ?) ਨਾਲ, ਇਸ ਦੀ ਪੂਰੀ ਡੂੰਘਾਈ ਸਮਝਾਉਣ ਲਈ, ਇਸ ਮਾਸੁ ਦੇ ਮਸਲੇ ਨੂੰ, ਦੋ, ਹੇਠ ਲਿਖੇ ਹਿਸਿਆਂ ਵਿਚ ਵੰਡਿਆ ਹੈ।

੧) **ਬਾਹਰ ਦਾ ਮਾਸੁ**; ਜੋ ਕਿ ਆਪਣੀ ਪੂਰੀ ਪਛਾਣ ਸਹਿਤ, ਬਹੁਤ ਹੀ ਸਾਫ ਦਿਸਦਾ ਆਮ ਪਸੁ, ਪੰਛੀਆਂ ਯਾ ਹੋਰ

ਜੀਵਾਂ ਵਗੈਰਾ ਦਾ ਮਾਸੁ ਹੈ . . . ਜੋ ਕਿ ਗੁਰੂ ਸਾਹਿਬ ਮੁਤਾਬਿੱਕ ਆਮ ਕੁਦਰਤੀ ਖ਼ੁਰਾਕ ਸੰਗਲੀ (food chain; **ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**) ਦਾ ਇਕ ਅਟੁੱਟਵਾਂ ਅੰਗ ਹੈ। ਪਰ ਕਈਆਂ ਦੇ ਅਕਲ ਦੇ ਅੰਨ੍ਹੇਂ (ਅੰਧ ਰਹਿਬਰਾਂ) ਨੇ ਆਪਣੇ ਪਿਛਲੱਗ ਮੂਰਖ ਅਤੇ ਬੇਵਕੂਫ ਚੇਲਿਆਂ ਅਗੇ ਇਸ ਮਾਸੁ ਨੂੰ **ਮੰਦਾ** ਕਹਿ ਕੇ, ਝਗੜੇ ਦਾ ਅਖਾੜਾ ਬਣਾਇਆ ਹੋਇਆ ਹੈ।

੨) **ਘਰ ਕਾ ਮਾਸੁ;** ਜੋਕਿ ਬੰਦੇ ਦੀਆਂ **ਬਿਲਕੁਲ ਅਦ੍ਰਿਸ਼ਟ** ਅੰਦਰਲੀਆਂ ਧੋਖਾਧੜੀ, ਬੇਈਮਾਨੀ, ਅਤੇ ਸਿਰੇ ਦੀਆਂ ਹੇਰਾਫੇਰੀਆ ਨਾਲ ਭਰਪੂਰ **ਰਾਖਸ਼** ਬਿਰਤੀਆਂ ਦੇ ਸਮੂਹਾਂ ਦੇ ਝੁੰਡ ਦਾ ਭਿਆਨਕ ਰੂਪ ਹੈ। ਜੋ ਕਿ, ਦੂਸਰਿਆਂ ਨੂੰ, ਜੀਂਦੇ ਜੀਅ ਹੀ, ਸਾਬਤ ਦੇ ਸਾਬਤ ਛੱਕ ਜਾਣ ਵਾਲੀ ਗੱਲ ਦਾ ਪ੍ਰਤੀਕ ਹੈ। ਪਰ, ਇਹ ਉਹ ਸਚਾਈ ਹੈ, ਜਿਸ ਨੂੰ ਕਿ ਆਪਣੇ ਮਤਲਬ ਲਈ, ਇਸ ਸਾਰੀ ਜ਼ੁਲਮ ਨਾਲ ਭਰਪੂਰ ਕੁਤਾਹੀ ਨੂੰ, ਨ ਸਿਰਫ ਇਹ ਕਹਿ ਕੇ ਪੇਸ਼ ਕੀਤਾ ਜਾਂਦਾ ਹੈ, ਕਿ "ਇਹ ਕੋਈ ਖ਼ਾਸ ਵਡੀ ਗੱਲ ਨਹੀਂ।" ਬਲਕਿ ਇਸ ਤਰਾਂ ਦੇ ਹਤਿਆਰਿਆਂ ਦੇ ਅਕਲ ਦੇ ਅੰਨੇ **ਅੰਧੁ ਵਿਸ਼ਵਾਸੀ ਰਹਿਬਰਾਂ** ਵਲੋਂ, ਆਪਣਾ ਮਾਇਆ ਦਾ ਮਤਲਬ ਕਢਣ ਦੇ ਦਬਾ ਬਲੇ, ਯਾ ਪੂਰੀ ਅਗਿਆਨਤਾ ਵੱਸ, ਨਜ਼ਰੋ ਅੰਦਾਜ਼ ਕਰਕੇ **ਚੰਗੇਰਾ** ਕਹਿ ਕੇ ਪਰਚਾਰਿਆ ਜਾਂਦਾ ਹੈ। ਜਿਸ ਉਪਰ ਕਿ ਗੁਰੂ ਸਾਹਿਬ ਹੇਠ ਲਿਖੇ ਅਖਰਾਂ ਨਾਲ ਸਵਾਲੀਆ ਚਿੰਨ ਲਾਉਂਦੇ ਹਨ।

**ਬਾਹਰ ਕਾ ਮਾਸੁ** ਮੰਦਾ ਸੁਆਮੀ **ਘਰ ਕਾ ਮਾਸੁ** ਚੰਗੇਰਾ ॥
ਅਤੇ . . . '**ਅਭਖੁ ਭਖਹਿ ਭਖੁ** ਤਜਿ ਛੋਡਹਿ **ਅੰਧੁ ਗੁਰੂ ਜਿਨ ਕੇਰਾ** ॥'

ਜਿਸ ਵਿਚ ਕਿ, 'ਬਾਹਰ ਦੇ ਮਾਸੁ' ਅਤੇ 'ਘਰ ਦੇ ਮਾਸੁ' ਵਿਚਕਾਰ ਫਰਕ ਨੂੰ, ਚੰਗੀ ਤਰਾਂ ਸਮਝਾਉਣ ਲਈ ਗੁਰੂ ਸਾਹਿਬ ਹੇਠ ਲਿਖੇ ਸਵਾਲ ਕਰਦੇ ਹਨ;

### **ਸਵਾਲ# ੧: 'ਬਾਹਰ ਕਾ ਮਾਸੁ'** ਮੰਦਾ ਸੁਆਮੀ ?

ਜਿਸ ਵਿਚ ਕਿ ਗੁਰੂ ਸਾਹਿਬ ਇਸ ਪਸੂ ਪੰਛੀਆਂ ਆਦਿਕ ਦੇ ਪੂਰੀ ਤਰਾਂ ਦ੍ਰਿਸ਼ਟ ਮਾਸੁ ਨੂੰ ਮੰਦਾ ਕਹਿਣ ਵਾਲਿਆਂ ਦੀ ਬੇਅਕਲੀ ਉਜਾਗਰ ਕਰਦੇ ਹੋਏ, ਇਸ ਦੇ ਚੰਗੇ ਹੋਣ ਦੀ, ਅਤੇ ਪੂਜਾਰੀਆਂ ਦੀ **ਮੰਦੀ** ਸੋਚਣੀ ਦੀ ਅਸਲੀਅਤ ਬਾਰੇ ਆਪਣੇ ਸ਼ਬਦ ਇਸ ਤਰਾਂ ਦਸਦੇ ਹਨ, ਕਿ;

- ਕੀ, ਦੇਵਤਿਆਂ ਦੀ ਪੂਜਾ ਲਈ: . . . ਉਪਰੋਂ ਤਾਂ 'ਬਾਹਰ ਕਾ ਮਾਸੁ' ਕਹਿਣ ਲਈ **ਮੰਦਾ;** . . ਪਰ ਅੰਦਰੋਂ; "ਗੈਂਡਾ ਮਾਰਿ ਹੋਮ ਜਗ ਕੀਏ **ਦੇਵਤਿਆ ਕੀ ਬਾਣੇ"** ਲਈ ਇਹ ਹੀ 'ਮਾਸੁ' ਸਭ ਤੋਂ **ਚੰਗਾ?**
- ਕੀ, ਡਰਾਮਾ ਤਾਂ (**ਮਾਸੁ ਛੋਡਿ ਬੈਸਿ ਨਕੁ ਪਕੜਹਿ**) ਦਾ ਕਰਨ ਲਈ **'ਬਾਹਰ ਕਾ ਮਾਸੁ' ਮੰਦਾ**; . . . ਪਰ ਅਸਲੀਅਤ; ਬੇਸ਼ਰਮੀ ਨਾਲ ਸਿਰੇ ਦੀਆਂ ਹੇਰਾਫਰੀਆਂ ਨਾਲ ਅਨਭੋਲ ਬੰਦਿਆਂ ਨੂੰ ਲੁਟ ਕੇ ਮਰਨ ਨਾਲੋਂ ਵੀ ਭੈੜੀ ਹਾਲਤ 'ਚ ਪੁਚਾ ਕੇ **(ਰਾਤੀ ਮਾਣਸ ਖਾਣੇ) ਵਾਲੇ ਕਾਰੇ ਕਰਨ ਵਾਲਾ, 'ਘਰ ਕਾ ਮਾਸੁ'** **ਚੰਗੇਰਾ** ?
- **ਕੀ, ਢੰਕੌਸਲਾ (ਮਛੀ ਮਾਸੁ ਨ ਖਾਹੀ)** ਦਾ ਕਰਨ ਲਈ **'ਬਾਹਰ ਕਾ ਮਾਸੁ' ਮੰਦਾ**; . . . ਪਰ, ਅਕਲ ਦੇ **(ਅੰਧਾ ਸੋਇ ਜੋ ਅੰਧ ਕਮਾਵੇ)** ਵਾਲਾ ਕਹਿਰ ਕਰਨ ਵਾਲਿਆਂ ਲਈ, 'ਘਰ ਕਾ ਮਾਸੁ' **ਚੰਗੇਰਾ** ?
- ਜੇ (ਜਜਿ ਕਾਜਿ **ਵੀਆਹਿ ਸੁਹਾਵੈ** ਓਥੈ **ਮਾਸੁ** ਸਮਾਣਾ) ਵਾਲਿਆ ਦੀਆਂ ਪਾਰਟੀਆਂ ਵਾਲਾ **'ਬਾਹਰ ਕਾ ਮਾਸੁ' ਤਾਂ ਮੰਦਾ**; . . . ਅਤੇ (**ਜੇ ਓਇ ਦਿਸਹਿ ਨਰਕਿ ਜਾਂਦੇ**) ਤਾਂ ਫਿਰ, ਕੀ 'ਉਨਾ ਕਾ ਦਾਨੁ ਲੈਣਾ' **ਚੰਗਾ** ? **(ਜਿਹੜਾ ਕਿ 'ਮਾਸੁ, ਮਾਸੁ' ਦਾ ਝਗੜਾ ਪਉਣ ਵਾਲੇ ਪਾਂਡੇ/ਪੂਜਾਰੀ ਬਗੈਰ ਕਿਸੇ ਝਿਜੱਕ ਤੋਂ ਆਮ ਲੈਂਦੇ ਹਨ)**
- **ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥** (ਸ੍ਰੀ ਗੁਰੂ ਗ੍ਰੰਥ ਸਾਹਿਬ: ਸਫਾ ੪੭੨)

### **ਸਵਾਲ# ੨: 'ਘਰ ਕਾ ਮਾਸੁ'** ਚੰਗੇਰਾ ?

ਮਤਲਬ, ਆਪਣੇ ਸਰੀਰ ਦੇ ਮਨ ਦੀਆਂ ਅੰਦਰਲੀਆਂ ਨਾ ਦਿਸਣ ਵਾਲੀਆਂ ਅਦ੍ਰਿਸ਼ਟ, ਮਤਲਬੀ, ਭੈੜੀਆਂ, ਅਤੇ ਧੋਖੇਧੜੀਆਂ, ਹੇਰਾਫੇਰੀਆਂ ਅਤੇ ਅਨਭੋਲ ਲੋਕਾਂ ਦਾ ਲਹੂ ਪੀਣ ਵਾਲੀਆਂ ਰਾਖਸ਼ ਬਿਰਤੀਆਂ ਵਾਲਾ ਅੰਦਰਲਾ **'ਘਰ ਦਾ ਮਾਸੁ'**; ਜਿਨਾਂ ਨਾਲ ਕਿ;

- '**ਅਭਖੁ ਭਖਹਿ;** ਮਤਲਬ, ਉਹ ਬਿਰਤੀਆਂ ਜਿਨਾਂ ਰਾਹੀ, ਬਹੁਤ ਲੋਕ, ਇਹ ਦੂਸਰਿਆਂ ਦਾ ਲਹੂ ਪੀ ਕੇ, ਉਨਾਂ ਨੂੰ ਧੋਖੇ ਦੇਣ ਵਾਲਾ ਨਾ ਖਾਣ ਵਾਲਾ ਅੰਦਰੂਨੀ **'ਘਰ ਦਾ ਮਾਸੁ'** ਨਿਝੱਕ ਹੋ ਕੇ ਛਕਦੇ ਹਨ।

- ਖਾਸ ਕਰ ਉਸ **(ਰਾਤੀ ਮਾਣਸ ਖਾਣੇ)** ਵੇਲੇ**;** ਜਿਸ ਵੇਲੇ ਕਿ, ਕੋਈ ਇਨਾਂ ਦੀਆਂ ਧੋਖੇਧੜੀਆਂ ਵਾਲੀਆਂ ਚੋਪੜੀਆਂ ਚੋਪੜੀਆਂ ਅਤੇ ਹੇਰਾਫੇਰੀ ਵਾਲੀਆਂ ਗਲਾਂ ਵਿਚ ਆ ਕੇ ਇਨਾਂ ਉਪਰ ਪੂਰਾ ਭਰੋਸਾ ਕਰ ਰਿਹਾ ਹੁੰਦਾ ਹੈ ।
- ਸੋਈ ਕੀ, ਇਹ ਲੋਕਾਂ ਨੂੰ ਧੋਖੇ ਦੇ ਕੇ ਲੁਟੱਣ ਵਾਲਾ **'ਘਰ ਦਾ ਮਾਸੁ'** ਚੰਗੇਰਾ ?
- ਗੁਰੂ ਸਾਹਿਬ ਏਸੇ ਹੀ ਅੰਦਰੂਲ਼ੀ ਭੈੜੀ **'ਘਰ ਦਾ ਮਾਸੁ'** ਰਾਖਸ਼ਾਂ ਵਾਲੀ ਮੱਤ ਬਾਰੇ ਸਮਝਾਉਦੇ ਹੋਏ, ਗੁਰੂ ਗ੍ਰੰਥ ਸਾਹਿਬ ਦੇ ਪਨਾਂ ੧੪੧ ਉਪਰ ਵੀ ਲਿਖਦੇ ਹਨ । ਕਿ . . . **ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**

**ਨਚੋੜ:**

ਸੋਈ ਇਕ ਵੇਰੀ ਫਿਰ, ਇਹ ਸਮਝਣ ਦੀ ਕੋਸ਼ਸ਼ ਕਰੀਏ; ਕਿ, ਕੀ ਗੁਰੂ ਸਾਹਿਬ ਨੇ ਆਪਣੇ; (**ਮੂਰਖੁ** ਮਤਲਬ **ਬੇਵਕੂਫ, ਯਾ ਸਿਰੇ ਦਾ ਬੇਵਕੂਫ, ਅੰਧਾ** ਮਤਲਬ **ਅਕਲ ਦਾ ਅੰਨ੍ਹਾਂ, ਅਤੇ, ਅੰਧੁ ਗੁਰੂ ਜਿਨ ਕੇਰਾ,** ਮਤਲਬ **ਕਿ, ਉਹ ਆਪ ਤਾਂ ਕੀ, ਜਿਸ ਦਾ ਵਡਾ ਰਹਿਬਰ ਉਸਤਾਦ ਵੀ ਅਕਲ ਦਾ ਅੰਨ੍ਹਾਂ ਹੋਵੇ) ਵਰਗੇ** ਸਖਤ ਅਖੱਰ, ਕੀ ਉਸ ਬੰਦੇ ਲਈ ਵਰਤੇ ਹਨ? ਜੋ ਕਿ;

- ੳ) (ਆਮ ਸਿਖਾਂ ਵਾਙ) ਕਹਿੰਦਾ ਹੈ, ਕਿ ਸਿੱਖੀ ਮੁਤਾਬਿਕ **'ਮਾਸ ਖਾਣਾ, ਖਾਉ; ਨਹੀ ਖਾਣਾ ਨਾ ਖਾਓ'** ।

  ਜਾਂ

- ਅ) ਉਸ ਲਈ, ਜੋ (ਬੜਾ ਰੌਲਾ ਪਾਕੇ) ਪਰਚਾਰਦਾ ਹੈ **ਕਿ ਸਿੱਖਾਂ ਨੂੰ 'ਮਾਸ ਬਿਲਕੁਲ ਨਹੀ ਖਾਣਾ ਚਾਹੀਦਾ** ।'

ਜਿਸ ਵਿਚ ਕਿ ਇਹ ਸਾਫ ਜ਼ਾਹਰ ਹੈ । ਕਿ ਗੁਰੂ ਸਾਹਿਬ ਦੇ ਉਪਰ ਲਿਖੇ ਸਾਰੇ ਦੇ ਸਾਰੇ ਅਖੱਰ ਉਸ **ਮੂਰਖ** ਵਾਸਤੇ ਹਨ । ਜੋ ਕਿ ਅਪਣੀ **ਬਿਪਰ-ਬਿਰਤੀ** ਵੱਸ, ਕਿਸੇ ਆਪਣੇ **ਅਕਲ ਦੇ ਅੰਨ੍ਹੇ** ਰਹਿਬਰ ਦੇ ਪਿਛੇ ਲਗ ਕੇ ਬੜੇ ਜੋਰਾਂ ਸ਼ੋਰਾਂ ਨਾਲ (ਬੜਾ ਰੌਲਾ ਪਾਕੇ) ਪਰਚਾਰਦਾ ਤੇ ਝਗੜਦਾ ਹੈ, **ਕਿ 'ਸਿੱਖਾਂ ਨੂੰ 'ਮਾਸ ਬਿਲਕੁਲ ਨਹੀ ਖਾਣਾ ਚਾਹੀਦਾ** ।'

**A special Note:** . . . For further understanding, and a complete dissection of all the tricks, and deceptions of the anti-Sikh forces used in the conversion of, such a meaningless **'non-issue of meat'** into a **mega-bamboozlement**; go to;

www.giankharag.com

To read the book;

**SIKH DILEMMA**

**IS 'NOT TO EAT MEAT' A BRAHMINICAL COMMAND FOR SIKHS ?**